

# ਕੈਨੇਡਾ ਵੱਿਚ ਨਵੇਂ ਹੋ?
# CRA ਮਦਦ ਕਰ ਸਕਦੀ ਹੈ।

ਬਹੁਤ ਸਾਰੇ ਬੈਨੀਫਟਿ, ਜੋ ਕੈਨੇਡਾ ਵੱਿਚ ਲੋਕ ਮਾਣਦੇ ਹਨ, ਟੈਕਸਾਂ ਰਾਹੀਂ ਸੰਭਵ ਹੋ ਪਾਏ ਹਨ।

> **ਕੈਨੇਡਾ ਚਾਈਲਡ ਬੈਨੀਫਟਿ ਦੀ ਮਦਦ ਨਾਲ, ਮੈਂ ਆਪਣੇ ਪੁੱਤਰ ਨੂੰ ਡੇ-ਕੇਅਰ ਵੱਿਚ ਭੇਜਣ ਅਤੇ ਕੈਨੇਡਾ ਵੱਿਚ ਆਪਣੀ ਪਹਲਿੀ ਨੌਕਰੀ ਸਰਗਰਮੀ ਨਾਲ ਲੱਭਣ ਦੇ ਯੋਗ ਹੋਈ ਸੀ**
>
> **ਐਂਡਰੀਆ ਕੈਰੋਲੀਨਾ।**

## ਤੁਸੀ ਹਰ ਸਾਲ ਕੰਿਨੀ ਰਕਮ ਪ੍ਰਾਪਤ ਕਰ ਸਕਦੇ ਹੋ?

ਜੇਕਰ ਤੁਸੀਂ ਇਨਕਮ ਟੈਕਸ ਦੇ ਮੁਤਾਬਕਿ ਕੈਨੇਡਾ ਦੇ ਨਵਿਾਸੀ ਹੋ (ਤੁਹਾਡੇ ਕੈਨੇਡਾ ਵੱਿਚ ਮਹੱਤਵਪੂਰਨ ਸਬੰਧ ਹਨ, ਜਵਿੇਂ ਕਿ ਘਰ, ਪਤੀ/ਪਤਨੀ, ਕਾਮਨ-ਲਾਅ ਪਾਰਟਨਰ, ਜਾਂ), ਤਾਂ ਤੁਹਾਡੀ ਮਾਲੀ ਮਦਦ ਲਈ ਬਹੁਤ ਸਾਰੇ ਬੈਨੀਫਟਿ, ਕ੍ਰੈਡਟਿ ਅਤੇ ਪ੍ਰੋਗਰਾਮ ਉਪਲਬਧ ਹਨ।

**ਗੁਡਜ਼ ਅਤੇ ਸਰਵਸਿ ਟੈਕਸ/ਹਾਰਮੋਨਾਈਜ਼ਡ ਸੇਲਜ਼ ਟੈਕਸ (GST/HST) ਕ੍ਰੈਡਟਿ** - ਇੱਕ ਯੋਗ ਵਅਿਕਤੀ ਲਈ **$53**3 ਤੱਕ ਅਤੇ ਦੋ ਬੱਚਆਿਂ ਵਾਲੇ ਯੋਗ ਜੋੜੇ ਲਈ **$1,0**66 ਤੱਕ।

**ਕੈਨੇਡਾ ਚਾਈਲਡ ਬੈਨੀਫਟਿ (CCB)** - 6 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ **$7,**997 ਤੱਕ ਅਤੇ 6 ਤੋਂ 17 ਸਾਲ ਦੀ ਉਮਰ ਦੇ ਹਰੇਕ ਬੱਚੇ ਲਈ **$6,**748 ਤੱਕ।

**ਡਸਿਬਲਿਟੀ ਟੈਕਸ ਕ੍ਰੈਡਟਿ** - ਅਪਾਹਜਤਾ ਵਾਲੇ ਯੋਗ ਵਅਿਕਤੀ ਜਾਂ ਉਹਨਾਂ ਦਾ ਸਹਯਿੋਗੀ ਪਰਵਿਾਰਕ ਮੈਂਬਰ **$9,872** ਦਾ ਨਾ-ਵਾਪਸੀਯੋਗ ਟੈਕਸ ਕ੍ਰੈਡਟਿ ਕਲੇਮ ਕਰ ਸਕਦੇ ਹਨ। ਸਾਲ ਦੇ ਅੰਤ ਵੱਿਚ ਜੋ 18 ਸਾਲ ਤੋਂ ਘੱਟ ਉਮਰ ਦੇ ਵਅਿਕਤੀ ਹਨ, **$5,758** ਤੱਕ ਦੀ ਇੱਕ ਵਾਧੂ ਰਕਮ ਲਈ ਵੀ ਯੋਗ ਹੋ ਸਕਦੇ ਹਨ। **canada.ca/disability-tax-credit** 'ਤੇ ਜਾਓ।

## ਤੁਸੀ ਬੈਨੀਫਟਿ ਅਤੇ  ਕ੍ਰੈਡਟਿ ਕਵਿੇਂ ਪ੍ਰਾਪਤ ਕਰ ਸਕਦੇ ਹੋ?

ਜਵਿੇਂ ਹੀ ਤੁਹਾਨੂੰ ਸਰਵਸਿ ਕੈਨੇਡਾ ਤੋਂ ਆਪਣਾ ਸੋਸ਼ਲ ਇੰਸ਼ੋਰੈਂਸ ਨੰਬਰ (SIN) ਮਲਿਦਾ ਹੈ, **CCB** ਅਤੇ **GST/HST ਕ੍ਰੈਡਟਿ** ਲਈ ਅਰਜ਼ੀ ਦਓਿ। ਇਹ ਜਾਨਣ ਲਈ ਕਿ SIN ਕਵਿੇਂ ਲੈਣਾ ਹੈ, **canada.ca/social-insurance-number** 'ਤੇ ਜਾਓ। ਜੇਕਰ ਤੁਹਾਡੇ ਬੱਚੇ ਹਨ, **ਤਾਂ ਕੈਨੇਡਾ ਚਾਈਲਡ ਬੈਨੀਫਟਿਸ ਐਪਲੀਕੇਸ਼ਨ ਫਾਰਮ (RC66)** ਅਤੇ ਫਾਰਮ **ਸਟੇਟਸ ਇਨ ਕੈਨੇਡਾ ਅਤੇ ਆਮਦਨ ਜਾਣਕਾਰੀ (RC66SCH)** ਨੂੰ ਭਰੋ ਅਤੇ CRA ਨੂੰ ਭੇਜੋ।

ਜੇਕਰ ਤੁਹਾਡੇ ਬੱਚੇ ਨਹੀ ਹਨ, ਤਾਂ **ਕੈਨੇਡਾ ਦੇ ਨਵਿਾਸੀ ਬਣਨ ਵਾਲੇ ਵਅਿਕਤੀਆਂ ਲਈ GST/HST ਕ੍ਰੈਡਟਿ ਐਪਲੀਕੇਸ਼ਨ ਫਾਰਮ (RC151)** ਭਰ ਕੇ ਆਪਣੇ ਜਾਂ ਆਪਣੇ ਪਤੀ /ਪਤਨੀ ਜਾਂ ਕਾਮਨ-ਲਾਅ ਪਾਰਟਨਰ ਲਈ **GST/HST ਕ੍ਰੈਡਟਿ** ਲਈ ਅਰਜ਼ੀ ਦਓਿ ਅਤੇ ਇਸਨੂੰ CRA ਨੂੰ ਭੇਜੋ।

ਫਾਰਮ ਡਾਉਨਲੋਡ ਕੀਤੇ ਜਾ ਸਕਦੇ ਹਨ **canada.ca/cra-forms** 'ਤੋਂ।

ਤੁਹਾਨੂੰ ਅਤੇ ਤੁਹਾਡੇ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਕੋਲ ਹਰ ਸਾਲ 30 ਅਪ੍ਰੈਲ ਤੱਕ ਆਪਣੇ ਟੈਕਸ ਕਰਨ ਦਾ ਸਮਾਂ ਹੁੰਦਾ ਹੈ, ਭਾਵੇਂ ਤੁਹਾਡੀ ਆਮਦਨੀ ਨਾ ਵੀ ਹੋਵੇ। ਇਹ ਤੁਹਾਡੇ ਬੈਨੀਫਟਿ ਭੁਗਤਾਨ ਲੈਣਾ ਜਾਰੀ ਰੱਖਣ ਲਈ ਜਰੂਰੀ ਹੈ। ਜੇਕਰ ਤੁਸੀ ਕਿਊਬੇਕ ਵੱਿਚ ਰਹੰਿਦੇ ਹੋ, ਤਾਂ ਤੁਹਾਨੂੰ ਇੱਕ ਸੂਬਾਈ ਟੈਕਸ ਰਟਿਰਨ ਵੀ ਭਰਨੀ ਪਵੇਗੀ। ਆਪਣੀਆਂ ਰਸੀਦਾਂ ਅਤੇ ਹੋਰ ਸਹਾਇਕ ਦਸਤਾਵੇਜ਼ ਆਪਣੇ ਕੋਲ ਰੱਖੋ ਜੇਕਰ CRA ਉਹਨਾਂ ਦੀ ਮੰਗ ਕਰਦੀ ਹੈ।

## ਕੀ ਤੁਹਾਨੂੰ ਮਦਦ ਦੀ ਲੋੜ ਹੈ?

### ਆਪਣੇ ਟੈਕਸ ਮੁਫ਼ਤ ਵਿੱਚ ਕਰਵਾਓ

ਜੇਕਰ ਤੁਹਾਡੀ ਆਮਦਨ ਮਾਮੂਲੀ ਹੈ ਅਤੇ ਟੈਕਸ ਸਥਿਤੀ ਸਧਾਰਨ ਹੈ, ਤਾਂ ਤੁਸੀਂ ਆਪਣੇ ਟੈਕਸ ਕਿਸੇ ਵਲੰਟੀਅਰ ਕੋਲੋਂ ਮੁਫ਼ਤ ਕਰਵਾਉਣ ਦੇ ਯੋਗ ਹੋ ਸਕਦੇ ਹੋ। ਹੋਰ ਜਾਣਨ ਲਈ, **canada.ca/taxes-help** 'ਤੇ ਜਾਓ ਜਾਂ CRA ਨੂੰ ਕਾਲ ਕਰੋ। ਜੇਕਰ ਤੁਸੀਂ ਕਿਊਬੇਕ ਵਿੱਚ ਰਹਿੰਦੇ ਹੋ, ਤਾਂ **revenuquebec.ca/volunteers** 'ਤੇ ਜਾਓ ਜਾਂ Revenu Québec ਜਾਂ CRA ਨੂੰ ਕਾਲ ਕਰੋ।

### ਆਪਣੇ ਟੈਕਸ ਆਨਲਾਈਨ ਕਰੋ

ਤੁਸੀਂ NETFILE-ਪ੍ਰਮਾਣਿਤ ਟੈਕਸ ਸਾਫਟਵੇਅਰ ਨਾਲ ਆਪਣੇ ਟੈਕਸ ਆਨਲਾਈਨ ਕਰ ਸਕਦੇ ਹੋ। ਟੈਕਸ ਸਾਫਟਵੇਅਰ ਪੈਕੇਜ ਦੀਆਂ ਕਈ ਕਿਸਮਾਂ ਅਤੇ ਵੈੱਬ ਐਪਾਂ ਉਪਲਬਧ ਹਨ, ਜਿਨ੍ਹਾਂ ਵਿੱਚੋਂ ਕੁਝ ਮੁਫ਼ਤ ਹਨ। ਹੋਰ ਜਾਣਕਾਰੀ ਲਈ, **canada.ca/netfile** 'ਤੇ ਜਾਓ।

### ਕਿਸੇ ਹੋਰ ਨੂੰ ਆਪਣੀ ਨੁਮਾਇੰਦਗੀ ਕਰਨ ਦਿਓ

ਤੁਸੀਂ CRA ਨਾਲ ਆਪਣੀ ਟੈਕਸ ਜਾਣਕਾਰੀ ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰਨ ਲਈ ਕਿਸੇ ਨੂੰ ਅਧਿਕਾਰਤ ਕਰ ਸਕਦੇ ਹੋ। ਹੋਰ ਜਾਣਕਾਰੀ ਲਈ, **canada.ca/taxes-representative-authorization** 'ਤੇ ਜਾਓ।

## ਕੋਈ ਭੁਗਤਾਨ ਮਿਸ ਨਾ ਕਰੋ!

### ਰਕਮ ਸਿੱਧੀ ਜਮ੍ਹਾਂ ਕਰਵਾਉਣ (ਡਾਇਰੈਕਟ ਡਿਪਾਜ਼ਿਟ) ਲਈ ਸਾਈਨ ਅੱਪ ਕਰੋ।

ਡਾਇਰੈਕਟ ਡਿਪਾਜ਼ਿਟ ਇੱਕ ਵਿੱਤੀ ਸੰਸਥਾ ਵਿੱਚ ਤੁਹਾਡੇ ਖਾਤੇ ਵਿੱਚ ਟੈਕਸ ਰਿਫੰਡ ਅਤੇ ਬੈਨੀਫਿਟ ਭੁਗਤਾਨ ਪ੍ਰਾਪਤ ਕਰਨ ਦਾ ਇੱਕ ਛੇਤੀ, ਸੁਵਿਧਾਜਨਕ ਅਤੇ ਸੁਰੱਖਿਅਤ ਤਰੀਕਾ ਹੈ। **canada.ca/cra-direct-deposit** 'ਤੇ ਸਾਈਨ ਅੱਪ ਕਰਨ ਬਾਰੇ ਹੋਰ ਜਾਣੋ।

### ਮਾਈ ਅਕਾਊਂਟ ਲਈ ਰਜਿਸਟਰ ਕਰੋ

ਮਾਈ ਅਕਾਊਂਟ ਤੁਹਾਨੂੰ ਤੁਹਾਡੀ ਇਨਕਮ ਟੈਕਸ ਅਤੇ ਬੈਨੀਫਿਟ ਦੀ ਜਾਣਕਾਰੀ ਨੂੰ ਔਨਲਾਈਨ ਦੇਖਣ ਅਤੇ ਪ੍ਰਬੰਧਿਤ ਕਰਨ ਦਿੰਦਾ ਹੈ। ਤੁਸੀਂ ਆਪਣੇ CRA ਤੋਂ ਜਾਰੀ ਹੋਏ, ਪਰ ਕੈਸ਼ ਨਾ ਕੀਤੇ ਚੈੱਕ ਵੀ ਦੇਖ ਸਕਦੇ ਹੋ, ਅਤੇ ਜੇ ਲੋੜ ਹੋਵੇ, ਤਾਂ ਭੁਗਤਾਨ ਨੂੰ ਦੁਬਾਰਾ ਜਾਰੀ ਕਰਨ ਲਈ ਕਹੋ। **canada.ca/cra**-sign-in-services 'ਤੇ ਜਾਓ

### ਆਪਣੀ ਜਾਣਕਾਰੀ ਨੂੰ ਅੱਪ ਟੂ ਡੇਟ ਰੱਖੋ

ਦੇਰੀ ਤੋਂ ਬਚਣ ਲਈ, ਯਕੀਨੀ ਬਣਾਓ ਕਿ ਤੁਹਾਡੀ ਨਿੱਜੀ ਜਾਣਕਾਰੀ (ਜਿਵੇਂ ਕਿ ਤੁਹਾਡੀ ਵਿਆਹੁਤਾ ਸਥਿਤੀ, ਤੁਹਾਡਾ ਪਤਾ, ਜਾਂ ਤੁਹਾਡਾ ਬੈਂਕ ਖਾਤਾ) ਮਾਈ ਅਕਾਊਂਟ ਵਿੱਚ ਅੱਪ ਟੂ ਡੇਟ ਹੈ ਜਾਂ CRA ਨੂੰ ਕਾਲ ਕਰੋ।

## ਹੋਰ ਜਾਣਕਾਰੀ ਲਈ:

### ਔਨਲਾਈਨ

ਉਹਨਾਂ ਬੈਨੀਫਿਟਸ ਨੂੰ ਦੇਖੋ ਜਹਿਨਾਂ ਲਈ ਤੁਸੀਂ ਯੋਗ ਹੋ ਸਕਦੇ ਹੋ, ਸਿੱਖੋ ਕਿ ਕਿਵੇਂ ਅਰਜ਼ੀ ਦੇਣੀ ਹੈ, ਅਤੇ ਅੰਦਾਜ਼ਾ ਲਗਾਓ ਕਿ ਤੁਸੀਂ ਕਿੰਨਾ ਪ੍ਰਾਪਤ ਕਰ ਸਕਦੇ ਹੋ। 10 ਸਾਲ ਪਿੱਛੇ ਤੱਕ ਲਾਭ ਅਤੇ ਕ੍ਰੈਡਿਟ ਪ੍ਰਾਪਤ ਕਰੋ। ਇਸ 'ਤੇ ਜਾਓ:
**canada.ca/benefits-credits-nc**

### ਫ਼ੋਨ ਰਾਹੀ

ਬੈਨੀਫਿਟਸ ਬਾਰੇ ਪੁੱਛਣ ਲਈ
**1-800-387-1193**

ਹੋਰ ਸਵਾਲਾਂ ਲਈ ਜਾਂ ਫਾਰਮ ਲੈਣ ਲਈ
**1-800-959-8281**

ਸਰਵਿਸ ਕੈਨੇਡਾ
**1-866-274-6627**

ਜੇਕਰ ਤੁਸੀਂ 867 ਏਰੀਆ ਕੋਡ ਤੋਂ ਕਾਲ ਕਰ ਰਹੇ ਹੋ **1-866-426-1527**

ਰੈਵੀਨਿਊ ਕਿਊਬੇਕ
**1-800-267-6299**

RC629-211 (PU) Rev. 25

CRA ਹੋਣ ਦਾ ਢੋਂਗ ਕਰਨ ਵਾਲੇ **ਘੁਟਾਲੇਬਾਜ਼ਾਂ ਤੋਂ ਸਾਵਧਾਨ ਰਹੋ**। ਸ਼ੱਕ ਹੋਣ 'ਤੇ, ਮਾਈ ਅਕਾਊਂਟ ਜਾਂ CRA ਨੂੰ ਕਾਲ ਕਰਕੇ ਆਪਣੀ ਜਾਣਕਾਰੀ ਚੈਕ ਕਰੋ। ਇਹ ਜਾਣਨ ਲਈ ਕਿ ਜੇ CRA ਤੁਹਾਡੇ ਨਾਲ ਸੰਪਰਕ ਕਰਦੀ ਹੈ ਤਾਂ ਕੀ ਉਮੀਦ ਕਰਨੀ ਹੈ, **canada.ca/taxes-fraud-prevention** 'ਤੇ ਜਾਓ।

Canada Revenue Agency    Agence du revenu du Canada

Canada